## 02-ਸੈਟਿੰਗ ਅਪ ਆਫ ਇੰਸਟੀਚਿਊਟ ਫਾਰ ਟਰੇਨਿੰਗ ਟੂ ਸ਼ਡਿਊਲਡ ਕਾਸਟਸ ਇੰਨ ਸਟੈਨੋਗ੍ਰਾਫੀ ਸਿਖਲਾਈ ਸੰਸਥਾ, ਮੁਹਾਲੀ, ਪਟਿਆਲਾ, ਫਿਰੋਜਪੁਰ ਅਤੇ ਅੰਮ੍ਰਿਤਸਰ (ਐਸ.ਸੀ.ਏ.)

ਪੰਜਾਬ ਰਾਜ ਅਧੀਨ ਸੇਵਾਵਾਂ ਚੋਣ ਬੋਰਡ ਅਤੇ ਰਾਜ ਦੇ ਰੋਜ਼ਗਾਰ ਦਫਤਰਾਂ ਵਿੱਚ ਸਟੈਨੋ-ਟਾਈਪਿਸਟਾਂ/ ਸਟੈਨੋਗ੍ਰਾਫਰਾਂ ਦੇ ਕਾਡਰ ਵਿੱਚ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਯੋਗ ਉਮੀਦਵਾਰਾਂ ਦੀ ਘਾਟ ਨੂੰ ਮੱਦੇ ਨਜਰ ਰੱਖਦੇ ਹੋਏ, ਸਰਕਾਰ ਵਲੋਂ ਸਾਲ 1987-88 ਵਿੱਚ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਬੇਰੁਜ਼ਗਾਰ ਗਰੈਜੂਏਟ ਉਮੀਦਵਾਰਾਂ ਨੂੰ ਸਟੈਨੋਗ੍ਰਾਫੀ ਦੀ ਸਿਖਲਾਈ ਦੇਣ ਸਬੰਧੀ ਸੰਸਥਾਵਾਂ ਸਥਾਪਤ ਕਰਨ ਦੀ ਸਕੀਮ ਸ਼ੁਰੂ ਕੀਤੀ ਗਈ ਸੀ ਅਤੇ ਸਾਲ 1995-96 ਵਿੱਚ ਸਰਕਾਰ ਵਲੋਂ ਅੰਮ੍ਰਿਤਸਰ, ਫਿਰੋਜ਼ਪੁਰ ਅਤੇ ਪਟਿਆਲਾ ਵਿਖੇ ਤਿੰਨ ਸੰਸਥਾਵਾਂ ਹੋਰ ਖੋਲ੍ਹਣ ਦੀ ਪ੍ਰਵਾਨਗੀ ਦਿੱਤੀ ਗਈ। ਪਟਿਆਲਾ ਅਤੇ ਫਿਰੋਜਪੁਰ ਵਿਖੇ ਸਾਲ 1999-2000 ਅਤੇ ਅੰਮ੍ਰਿਤਸਰ ਵਿਖੇ ਸਾਲ 2002-03 ਵਿੱਚ ਇਹ ਸੰਸਥਾਵਾਂ ਸ਼ੁਰੂ ਕੀਤੀਆਂ ਗਈਆਂ ਹਨ। ਇਨ੍ਹਾਂ ਸੰਸਥਾਵਾਂ ਵਿੱਚ ਇੱਕ ਸਾਲ ਦੀ ਸਟੈਨੋਗ੍ਰਾਫੀ ਦੀ ਸਿਖਲਾਈ ਦਿੱਤੀ ਜਾਂਦੀ ਹੈ ਅਤੇ ਮੋਹਾਲੀ ਵਿਖੇ ਸਥਾਪਤ ਸੰਸਥਾ ਵਿੱਚ ਕੁੱਲ 80 ਸੀਟਾਂ (40 ਅੰਗਰੇਜੀ ਅਤੇ 40 ਪੰਜਾਬੀ) ਹਨ ਅਤੇ ਬਾਕੀ ਤਿੰਨ ਸੰਸਥਾਵਾਂ ਲਈ 50 ਸੀਟਾਂ (25 ਅੰਗਰੇਜੀ ਅਤੇ 25 ਪੰਜਾਬੀ) ਪ੍ਰਤੀ ਸੰਸਥਾ ਪ੍ਰਵਾਨਤ ਹਨ।

<u>ਮੌਜੂਦਾ ਨਾਰਮਜ਼ ਅਤੇ ਉਮੀਦਵਾਰਾਂ ਨੂੰ ਦਾਖਲ ਕਰਨ ਦੀ ਵਿਧੀ</u>

ਹਰ ਸਾਲ ਅਖਬਾਰਾਂ ਵਿੱਚ ਇਸ਼ਤਿਹਾਰ ਦੇ ਕੇ, ਇਨ੍ਹਾਂ ਸੰਸਥਾਵਾਂ ਵਿੱਚ ਦਾਖਲਾ ਕਰਨ ਲਈ ਦਰਖਾਸਤਾਂ ਮੰਗੀਆਂ ਜਾਂਦੀਆਂ ਹਨ ਅਤੇ ਪ੍ਰਾਪਤ ਦਰਖਾਸਤਾਂ ਵਿਚੋਂ ਹੇਠ ਲਿਖੇ ਅਨੁਸਾਰ ਸ਼ਰਤਾਂ ਪੂਰੀਆਂ ਕਰਨ ਵਾਲੇ ਉਮੀਦਵਾਰਾਂ ਦੀ ਚੋਣ ਮੈਰਿਟ ਦੇ ਆਧਾਰ ਤੇ ਕੀਤੀ ਜਾਂਦੀ ਹੈ:-

1. ਮੰਨਜੂਰਸ਼ੁਦਾ ਯੂਨੀਵਰਸਿਟੀ/ਸੰਸਥਾ ਤੋਂ ਬੀ.ਏ. ਪਾਸ ਜਾਂ ਬਰਾਬਰ ਦੀ ਡਿਗਰੀ ਪਾਸ ਕੀਤੀ ਹੋਵੇ;
2. ਉਮੀਦਵਾਰਾਂ ਵਲੋਂ ਸਬੰਧਤ ਭਾਸ਼ਾ ਵਿੱਚ ਚੋਣਵੇਂ ਜਾਂ ਆਪਸ਼ਨਲ ਵਿਸ਼ੇ ਵਿੱਚ ਗਰੈਜੂਏਸ਼ਨ ਕੀਤੀ ਹੋਵੇ;
3. ਉਮੀਦਵਾਰ ਅਨੁਸੂਚਿਤ ਜਾਤੀ ਵਰਗ ਅਤੇ ਗਰੀਬੀ ਦੀ ਰੇਖਾ ਤੋਂ ਹੇਠਾਂ ਰਹਿ ਰਹੇ ਪਰਿਵਾਰ ਨਾਲ ਸਬੰਧਤ ਹੋਵੇ।

<u>ਵਜੀਫਾ</u>

ਟਰੇਨਿੰਗ ਦੌਰਾਨ ਹਰ ਇੱਕ ਸਿਖਿਆਰਥੀ ਨੂੰ 750/-ਰੁਪਏ ਪ੍ਰਤੀ ਮਹੀਨਾ ਵਜੀਫਾ ਅਤੇ ਸਟੇਸ਼ਨਰੀ ਆਦਿ ਦੀ ਸਹੂਲਤ ਵੀ ਦਿੱਤੀ ਜਾਂਦੀ ਹੈ।